3-Jan-KHN-7,10.qxd 1/3/2022 11:35 PM Page 1

ਖੰਨਾ 'ਚ ਜੀ.ਟੀ. ਰੋਡ 'ਤੇ ਜਾਮ ਲਾ ਕੇ ਬੈਠੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਵਰਕਰ ਤੇ ਨੇਤਾ। ਤਸਵੀਰ : ਸੋਨੀ ਗਿੱਲ

ਮੁੱਖ ਮੰਤਰੀ ਦੇ ਭਰੋਸੇ ਤੋਂ ਬਾਅਦ ਜੀ. ਟੀ. ਰੋਡ ਦਾ ਜਾਮ ਮੁਲਤਵੀ

ਅੱਜ ਦੂਜੇ ਦਿਨ ਵੀ ਅੰਮ੍ਰਿਤਸਰ-ਦਿੱਲੀ ਕੌਮੀ ਮਾਰਗ ਜਾਮ ਕਾਰਨ ਲੋਕ ਹੋਏ ਪ੍ਰੇਸ਼ਾਨ

ਖੰਨਾ, 3 ਜਨਵਰੀ (ਹਰਜਿੰਦਰ ਸਿੰਘ ਲਾਲ)- ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵਲੋਂ ਵੱਖ ਵੱਖ ਵਰਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਸਬੰਧਿਤ ਵਿਭਾਗਾਂ ਵਿਚ ਮਰਜ਼ ਕਰਕੇ ਰੈਗੂਲਰ ਕਰਨ ਦੀ ਮੰਗ ਮਨਵਾਉਣ ਲਈ 2 ਜਨਵਰੀ ਤੋਂ ਖੰਨਾ ਵਿਖੇ ਜੀ.ਟੀ. ਰੋਡ ਨੂੰ ਜਾਮ ਕਰਕੇ ਲਾਇਆ ਧਰਨਾ ਸਾਰੀ ਰਾਤ ਅਤੇ ਅੱਜ ਦੂਜੇ ਦਿਨ ਵੀ ਸ਼ਾਮ ਤੱਕ ਜਾਰੀ ਰਿਹਾ। ਬਾਅਦ ਵਿਚ ਡੀ.ਸੀ. ਲੁਧਿਆਣਾ ਦੇ ਯਤਨਾਂ ਨਾਲ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾਈ ਆਗੂਆਂ ਦੀ ਮੀਟਿੰਗ ਚੰਡੀਗੜ੍ਹ ਵਿਚ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਹੋਣ ਅਤੇ ਮੁੱਖ ਮੰਤਰੀ ਵਲੋਂ 7 ਜਨਵਰੀ ਤੱਕ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਦੇ ਹੱਲ ਕਰਨ ਦਾ ਭਰੋਸਾ ਦਿੱਤੇ ਜਾਣ ਤੋਂ ਬਾਅਦ ਠੇਕਾ ਮੁਲਾਜ਼ਮਾਂ ਵਲੋਂ ਨੈਸ਼ਨਲ ਹਾਈਵੇ ਦਾ ਜਾਮ ਖ਼ੋਲ ਦਿੱਤਾ ਗਿਆ ਅਤੇ ਪ੍ਰਦਰਸ਼ਨ ਮੁਲਤਵੀ ਕਰ ਦਿੱਤਾ ਗਿਆ, ਪਰ ਮੁਲਾਜ਼ਮ ਆਗੂਆਂ ਵਲੋਂ ਨਾਲ ਹੀ ਐਲਾਨ ਕੀਤਾ ਗਿਆ ਕਿ ਜੇਕਰ 7 ਜਨਵਰੀ ਤੱਕ ਮੰਗਾਂ ਨਾ ਮੰਨੀਆਂ ਗਈਆਂ ਤਾਂ ਬਿਨਾ ਜਗ੍ਹਾ ਦੱਸੇ ਇਸੇ ਤਰ੍ਹਾਂ ਹੀ ਕਿਸੇ ਵੀ ਥਾਂ ਤੇ ਨੈਸ਼ਨਲ ਹਾਈਵੇ ਫਿਰ ਜਾਮ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਤਦ ਤੱਕ ਚੋਣ ਜ਼ਾਬਤਾ ਲੱਗ ਗਿਆ ਤਦ ਵੀ ਅਸੀਂ ਜਾਮ ਕਰਾਂਗੇ। ਇਸ ਦਰਮਿਆਨ ਅੱਜ ਦੁਪਹਿਰ ਮੁੱਖ ਮੰਤਰੀ ਨਾਲ ਗੱਲਬਾਤ ਸ਼ੁਰੂ ਹੋਣ ਤੇ ਧਰਨਾਕਾਰੀਆਂ ਨੇ ਜੀ.ਟੀ. ਰੋਡ ਦੀਆਂ ਸਰਵਿਸ ਲੇਨਾਂ ਤੋਂ ਟਰੈਫ਼ਿਕ ਲੰਘਣ ਦੀ ਇਜਾਜ਼ਤ ਦੇ ਦਿੱਤੀ, ਪਰ ਮੁੱਖ ਰੋਡ ਨੂੰ ਜਾਮ ਹੀ ਰੱਖਿਆ, ਜਿਸ ਕਾਰਨ ਸਾਰਾ ਦਿਨ ਟਰੈਫ਼ਿਕ ਦੀਆਂ ਲੰਮੀਆਂ ਲੰਮੀਆਂ ਲਾਈਨਾਂ ਲੱਗੀਆਂ ਰਹੀਆਂ। ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪਨੂੰ, ਸ਼ੇਰ ਸਿੰਘ ਖੰਨਾ, ਬਲਿਹਾਰ ਸਿੰਘ ਕਟਾਰੀਆ, ਵਰਿੰਦਰ ਸਿੰਘ ਬੀਬੀਵਾਲ, ਮਹਿੰਦਰ ਸਿੰਘ, ਜਸਪ੍ਰੀਤ ਗਗਨ, ਸੁਰਿੰਦਰ ਸਿੰਘ,ਪਵਨਦੀਪ ਸਿੰਘ, ਸਵਰਨਜੀਤ ਕੌਰ,ਰਮਨਪ੍ਰੀਤ ਕੌਰ ਮਾਨ, ਬਲਜਿੰਦਰ ਸਿੰਘ ਸੋਨੀ ਨੇ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ, ਥਰਮਲ ਪਲਾਂਟ ਲਹਿਰਾ ਮੁਹੱਬਤ, ਬਠਿੰਡਾ ਦੇ ਸਰਪਲੱਸ ਠੇਕਾ ਮੁਲਾਜ਼ਮ (ਪੇਸਕੋ) ਅਤੇ ਰੂਪਨਗਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਪਾਵਰਕਾਮ ਤੇ ਟ੍ਰਾਂਸਕੋ (ਸੀ.ਐਚ.ਬੀ.), ਵੇਰਕਾ ਮਿਲਕ ਪਲਾਂਟ, ਸਿਹਤ ਵਿਭਾਗ, ਹਾਈਡਲ ਪ੍ਰੋਜੈਕਟਾਂ, ਪੰਜਾਬ ਲੋਕ ਨਿਰਮਾਣ ਵਿਭਾਗ (ਬਿਜਲੀ ਵਿੰਗ), ਬਿਜਲੀ ਗਰਿੱਡਾਂ ਦੇ ਕੱਚੇ ਮੁਲਾਜ਼ਮ (ਪੇਸਕੋ), ਡੀ. ਸੀ. ਦਫਤਰਾਂ ਦੇ ਠੇਕਾ ਕਾਮੇ, ਫ਼ਰਦ ਕੇਂਦਰਾਂ, ਅਦਰਸ਼ ਮਾਡਲ ਸਕੂਲਾਂ, ਮਗਨਰੇਗਾ ਆਦਿ ਵਿਚ ਇਨਲਿਸਟਮੈਂਟ, ਆਊਟਸੋਰਸਡ, ਠੇਕੇਦਾਰਾਂ, ਸੋਸਾਇਟੀਆਂ, ਕੰਪਨੀਆਂ ਅਤੇ ਕੇਂਦਰੀ ਸਕੀਮਾਂ ਅਧੀਨ ਕੰਮ ਕਰਦੇ ਸਮੂਹ ਠੇਕਾ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਅਤੇ ਬਿਨਾਂ ਭੇਦਭਾਵ ਸਰਕਾਰੀ ਵਿਭਾਗਾਂ ਵਿਚ ਮਰਜ਼ ਕਰਕੇ ਰੈਗੂਲਰ ਕਰਨਾ, ਠੇਕੇਦਾਰਾਂ ਰਾਹੀ ਭਰਤੀ ਕੀਤੇ ਹਰੇਕ ਵਰਗ ਦੇ ਠੇਕਾ ਆਧਾਰਿਤ ਕਾਮਿਆਂ ਨੂੰ ਵਿਭਾਗਾਂ ਵਿਚ ਸ਼ਾਮਿਲ ਕਰਨਾ, ਰੈਗੂਲਰ ਕਰਨਾ, ਬਰਾਬਰ ਕੰਮ ਲਈ ਬਰਾਬਰ ਤਨਖ਼ਾਹ ਦਾ ਨਿਯਮ ਲਾਗੂ ਕਰਨਾ, ਜਬਰੀ ਛਾਂਟੀਆਂ ਬੰਦ ਕਰਨਾ ਆਦਿ ਮੰਗਾਂ ਮੰਨਵਾ ਕੇ ਰਹਾਂਗੇ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਮੁੱਖ ਮੰਤਰੀ ਵਲੋਂ ਭਰੋਸਾ ਦਿੱਤਾ ਗਿਆ ਹੈ ਕਿ ਉਪਰੋਕਤ ਮੰਗਾਂ ਦਾ ਹੱਲ 7 ਜਨਵਰੀ ਤੱਕ ਕਰ ਦਿੱਤਾ ਜਾਵੇਗਾ।

ਖੰਨਾ 'ਚ ਜੀ.ਟੀ. ਰੋਡ 'ਤੇ ਜਾਮ ਦੌਰਾਨ ਸਰਵਿਸ ਲੇਨ ਖੋਲ੍ਹੇ ਜਾਣ ਦੇ ਬਾਵਜੂਦ ਜਾਮ ਹੋਈ ਆਵਾਜਾਈ।

ਬੱਚੇ ਦੀ ਮੌਤ ਮਾਮਲੇ 'ਚ ਟ੍ਰੈਫਿਕ ਜਾਮ ਕਹਿਣ ਦੇ ਦੋਸ਼ ਬੇਬੁਨਿਆਦ-ਮੁਲਾਜ਼ਮ ਆਗੂ

ਕੱਲ੍ਹ ਐਤਵਾਰ ਟਰੈਫ਼ਿਕ ਜਾਮ ਵਿਚ ਐਂਬੂਲੈਂਸ ਵਿਚ ਬੱਚੇ ਦੀ ਮੌਤ ਬਾਰੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਦੇ ਆਗੂਆਂ ਨੇ ਕਿਹਾ ਕਿ ਬੱਚੇ ਦੀ ਮੌਤ ਟ੍ਰੈਫਿਕ ਜਾਮ ਕਾਰਨ ਨਹੀਂ ਹੋਈ ਹੈ, ਬਲਕਿ ਬੱਚੇ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਸੀ ਅਤੇ ਮ੍ਰਿਤਕ ਬੱਚੇ ਨੂੰ ਹੀ ਉਸ ਦੇ ਪਰਿਵਾਰ ਵਾਲੇ ਐਂਬੂਲੈਂਸ ਰਾਹੀ ਲੈ ਕੇ ਆ ਰਹੇ ਸਨ। ਉਨ੍ਹਾਂ ਕਿਹਾ ਕਿ ਅਸੀਂ ਜਾਂਚ ਕੀਤੀ ਹੈ ਕਿ ਪਰਿਵਾਰ ਵਾਲੇ ਆਪਣੇ ਬਿਮਾਰ ਬੱਚੇ ਨੂੰ ਕਿਸੇ ਹੋਰ ਸੜਕ ਰਾਹੀਂ ਖੰਨਾ ਦੇ ਤਿੰਨ ਹਸਪਤਾਲਾਂ ਵਿਚ ਲੈ ਕੇ ਗਏ ਸਨ ਅਤੇ ਇਹ ਬੱਚਾ ਦੋ ਹਸਪਤਾਲਾਂ ਵਿਚ ਜ਼ਿੰਦਾ ਸੀ ਅਤੇ ਤੀਸਰੇ ਹਸਪਤਾਲ ਵਿਚ ਇਸ ਬੱਚੇ ਦੀ ਮੌਤ ਹੋਈ ਸੀ। ਜਾਮ ਵਾਲੀ ਜਗ੍ਹਾ ਤੋਂ ਤਾਂ ਪਰਿਵਾਰ ਵਾਲੇ ਆਪਣੇ ਮ੍ਰਿਤਕ ਬੱਚੇ ਨੂੰ ਲੈ ਕੇ ਜਾ ਰਹੇ ਸੀ ਅਤੇ ਫਿਰ ਵੀ ਇੱਥੋਂ ਐਂਬੂਲੈਂਸ ਲੰਘਣ ਵਿਚ ਸਿਰਫ਼ 30 ਸੈਕੰਡ ਦਾ ਸਮਾਂ ਹੀ ਲੱਗਿਆ ਸੀ।

ਚੰਨੀ ਸਰਕਾਰ ਦੇ ਲੋਕ ਪੱਖੀ ਫ਼ੈਸਲੇ ਸ਼ਲਾਘਾਯੋਗ-ਵਿਧਾਇਕ ਵੈਦ

ਸੰਮਤੀ ਦਫ਼ਤਰ ਡੇਹਲੋਂ ਵਿਖੇ ਸ਼ੌਪਿੰਗ ਕੰਪਲੈਕਸ ਦਾ ਰੱਖਿਆ ਨੀਂਹ ਪੱਥਰ

ਡੇਹਲੋਂ, 3 ਜਨਵਰੀ (ਅੰਮ੍ਰਿਤਪਾਲ ਸਿੰਘ ਕੈਲੇ)- ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਸੂਬੇ ਦੀ ਭਲਾਈ ਹਿੱਤ ਕੀਤੇ ਫ਼ੈਸਲੇ ਸ਼ਲਾਘਾਯੋਗ ਹਨ, ਜਦਕਿ ਕਾਂਗਰਸ ਸਰਕਾਰ ਦੀ ਉਸਾਰੂ ਸੋਚ ਨੇ ਸੂਬੇ ਦੇ ਹਰ ਵਰਗ ਦੀ ਭਲਾਈ ਲਈ ਕੰਮ ਕੀਤਾ ਹੈ। ਇਹ ਪ੍ਰਗਟਾਵਾ ਪੰਜਾਬ ਵੇਅਰ ਹਾਊਸ ਚੇਅਰਮੈਨ ਅਤੇ ਹਲਕਾ ਗਿੱਲ ਵਿਧਾਇਕ ਕੁਲਦੀਪ ਸਿੰਘ ਕੇ.ਡੀ. ਵੈਦ ਨੇ ਪੰਚਾਇਤ ਸੰਮਤੀ ਦਫ਼ਤਰ ਡੇਹਲੋਂ ਵਿਖੇ ਚੇਅਰਪਰਸਨ ਬੀਬੀ ਵਰਿੰਦਰ ਕੌਰ ਗਿੱਲ ਦੀ ਅਗਵਾਈ ਹੇਠ ਬਣ ਰਹੇ ਸ਼ੌਪਿੰਗ ਕੰਪਲੈਕਸ ਦਾ ਨੀਂਹ ਪੱਥਰ ਰੱਖਣ ਸਮੇਂ ਕੀਤਾ। ਵਿਧਾਇਕ ਕੇ.ਡੀ. ਵੈਦ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਸੈਂਕੜੇ ਸਕੀਮਾਂ ਲਿਆਂਦੀਆਂ ਹਨ, ਜਦਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਲੋਕਹਿੱਤਾਂ ਲਈ ਅਹਿਮ ਫ਼ੈਸਲੇ ਲੈ ਕੇ ਦੱਸ ਦਿੱਤਾ ਹੈ ਕਿ ਕਾਂਗਰਸ ਪਾਰਟੀ ਹੀ ਪੰਜਾਬ ਵਾਸੀਆਂ ਦੀ ਅਸਲ ਹਿਤੈਸ਼ੀ ਸਰਕਾਰ ਹੈ। ਇਸ ਸਮੇਂ ਪੰਜਾਬ ਕਾਂਗਰਸ ਸਕੱਤਰ ਪਰਮਜੀਤ ਸਿੰਘ ਘਵੱਦੀ, ਮਾਰਕੀਟ ਕਮੇਟੀ ਚੇਅਰਮੈਨ ਰਣਜੀਤ ਸਿੰਘ ਮਾਂਗਟ, ਡੇਹਲੋਂ ਬਲਾਕ ਸੰਮਤੀ ਚੇਅਰਪਰਸਨ ਬੀਬੀ ਵਰਿੰਦਰ ਕੌਰ ਗਿੱਲ, ਸੰਮਤੀ ਮੈਂਬਰ ਨਿਰਮਲ ਸਿੰਘ ਨਿੰਮਾ ਡੇਹਲੋਂ, ਸੰਮਤੀ ਮੈਂਬਰ ਜੰਗਬਹਾਦਰ ਸਿੰਘ ਮੁਕੰਦਪੁਰ, ਬੀ.ਡੀ.ਪੀ.ਓ. ਪ੍ਰਦੀਪ ਸ਼ਾਰਦਾ, ਸਰਪੰਚ ਯੂਨੀਅਨ ਸਰਪ੍ਰਸਤ ਮਹਾਂ ਸਿੰਘ ਰੁੜਕਾ, ਸਰਪੰਚ ਗੁਰਜੀਤ ਸਿੰਘ ਰੰਗੀਆਂ, ਸਰਪੰਚ ਰਣਜੀਤ ਸਿੰਘ ਖੱਟੜਾ, ਸਰਪੰਚ ਬਲਰਾਜ ਸਿੰਘ ਗੁਰਮ, ਅਰਪਿੰਦਰ ਸਿੰਘ ਪੱਪੀ ਖੱਟੜਾ, ਹਰਮੀਤ ਸਿੰਘ ਹੈਪੀ ਖੱਟੜਾ, ਗੁਰਮੀਤ ਸਿੰਘ ਮਿੰਟੂ ਘਵੱਦੀ, ਹਰਪ੍ਰੀਤ ਸਿੰਘ ਪੀਤਾ ਖੱਟੜਾ, ਐਡਵੋਕੇਟ ਗਿੱਲ, ਸੈਕਟਰੀ ਨਰਿੰਦਰ ਸਿੰਘ, ਸੁਪਰਡੈਂਟ ਰਵਿੰਦਰ ਕੁਮਾਰ, ਸੈਕਟਰੀ ਸੁਖਦੇਵ ਸਿੰਘ, ਸੈਕਟਰੀ ਗੁਰਿੰਦਰਪਾਲ ਸਿੰਘ ਛਪਾਰ, ਸੈਕਟਰੀ ਹਰਦੀਪ ਸਿੰਘ, ਸੈਕਟਰੀ ਹਰਪ੍ਰੀਤ ਸਿੰਘ, ਜੇ.ਈ. ਬਲਦੇਵ ਸਿੰਘ, ਜੇ.ਈ. ਸੁਖਵਿੰਦਰ ਸਿੰਘ, ਸਰਪੰਚ ਗੁਰਜਗਦੀਪ ਸਿੰਘ ਲਾਲੀ ਲਲਤੋਂ, ਸਰਪੰਚ ਬਲਜਿੰਦਰ ਸਿੰਘ ਜਰਖੜ, ਮਨਮਿੰਦਰ ਸਿੰਘ ਹੈਪੀ ਜਰਖੜ, ਜਰਨੈਲ ਸਿੰਘ ਜਰਖੜ, ਸਰਬਪ੍ਰੀਤ ਸਿੰਘ ਪ੍ਰੀਤ ਗਿੱਲ ਡੇਹਲੋਂ ਸਰਪੰਚ ਰਾਜਿੰਦਰ ਸਿੰਘ ਬੱਬੂ ਗੋਪਾਲਪੁਰ, ਨਛੱਤਰ ਸਿੰਘ ਗੋਪਾਲਪੁਰ ਸਮੇਤ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਬਲਾਕ ਸੰਮਤੀ ਦਫ਼ਤਰ ਡੇਹਲੋਂ ਵਿਖੇ ਸ਼ੌਪਿੰਗ ਕੰਪਲੈਕਸ ਦਾ ਨੀਂਹ ਪੱਥਰ ਰੱਖਣ ਸਮੇਂ ਵਿਧਾਇਕ ਕੁਲਦੀਪ ਸਿੰਘ ਕੇ. ਡੀ. ਵੈਦ, ਪਰਮਜੀਤ ਸਿੰਘ ਘਵੱਦੀ, ਚੇਅਰਪਰਸਨ ਵਰਿੰਦਰ ਕੌਰ ਗਿੱਲ, ਚੇਅਰਮੈਨ ਰਣਜੀਤ ਸਿੰਘ ਮਾਂਗਟ, ਨਿਰਮਲ ਸਿੰਘ ਨਿੰਮਾ ਡੇਹਲੋਂ, ਬੀ.ਡੀ.ਪੀ.ਓ. ਪ੍ਰਦੀਪ ਸ਼ਾਰਦਾਂ ਤੇ ਹੋਰ। ਤਸਵੀਰ- ਅੰਮ੍ਰਿਤਪਾਲ ਸਿੰਘ ਕੈਲੇ

ਟਰੇਨ ਦੀ ਲਪੇਟ 'ਚ ਆਉਣ ਕਾਰਨ ਪ੍ਰਵਾਸੀ ਦੀ ਮੌਤ

ਖੰਨਾ, 3 ਜਨਵਰੀ (ਮਨਜੀਤ ਧੀਮਾਨ)- ਟਰੇਨ ਦੀ ਲਪੇਟ ਵਿਚ ਆਉਣ ਕਾਰਨ ਇਕ ਪ੍ਰਵਾਸੀ ਨੌਜਵਾਨ ਦੀ ਮੌਤ ਹੋ ਗਈ। ਮਾਮਲੇ ਦੀ ਜਾਣਕਾਰੀ ਦਿੰਦਿਆਂ ਜੀ.ਆਰ.ਪੀ. ਚੌਕੀ ਇੰਚਾਰਜ ਖੰਨਾ ਸਬ ਇੰਸ. ਸੁਖਵਿੰਦਰ ਸਿੰਘ ਟੀਟੂ ਨੇ ਦੱਸਿਆ ਕਿ ਰਤਨਹੇੜੀ ਰੇਲਵੇ ਫ਼ਾਟਕ ਕੋਲ ਕਿੱਲੋ ਮੀਟਰ ਨੰ. 331 ਦੇ 18-20 ਨੇੜੇ ਕਿਸੇ ਨਾਮਾਲੂਮ ਨੌਜਵਾਨ ਦੀ ਟਰੇਨ ਦੀ ਲਪੇਟ ਵਿਚ ਆਉਣ ਕਾਰਨ ਮੌਤ ਹੋ ਜਾਣ ਦੀ ਸੂਚਨਾ ਮਿਲੀ ਸੀ। ਪੁਲਿਸ ਨੇ ਮੌਕੇ ਤੇ ਜਾ ਕੇ ਲਾਸ਼ ਨੂੰ ਆਪਣੇ ਕਬਜੇ ਵਿਚ ਲੈ ਕੇ ਪਹਿਚਾਣ ਲਈ ਸਿਵਲ ਹਸਪਤਾਲ ਖੰਨਾ ਦੀ ਮੋਰਚਰੀ ਵਿਚ ਰੱਖਵਾ ਦਿੱਤੀ ਹੈ। ਜਾਂਚ ਅਧਿਕਾਰੀ ਸੁਖਵਿੰਦਰ ਸਿੰਘ ਟੀਟੂ ਨੇ ਕਿਹਾ ਕਿ ਉਸ ਦੇ ਪਾਏ ਹੋਏ ਕੱਪੜਿਆਂ ਵਿਚੋਂ ਕੋਈ ਸਨਾਖਤੀ ਪੱਤਰ ਕਾਰਡ ਨਹੀਂ ਮਿਲਿਆ। ਮ੍ਰਿਤਕ ਨੌਜਵਾਨ ਦੀ ਪਹਿਚਾਣ ਨਹੀਂ ਹੋ ਸਕੀ। ਪੁਲਿਸ ਨੇ ਲਾਸ਼ ਨੂੰ ਆਪਣੇ ਕਬਜੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਗੁਰਮੀਤ ਸਿੰਘ ਦਾ ਸਨਮਾਨ ਕਰਦੇ ਹੋਏ ਪਿੰਡ ਵਾਸੀ। ਅਜੀਤ ਤਸਵੀਰ

ਭੱਟੀਆਂ ਐਸ.ਸੀ. ਵਿੰਗ ਸਰਕਲ ਖੰਨਾ ਅਕਾਲੀ ਦਲ ਦੇ ਪ੍ਰਧਾਨ ਨਿਯੁਕਤ

ਖੰਨਾ, 3 ਜਨਵਰੀ (ਹਰਜਿੰਦਰ ਸਿੰਘ ਲਾਲ)- ਸ਼੍ਰੋਮਣੀ ਅਕਾਲੀ ਦਲ ਵਲੋਂ ਗੁਰਮੀਤ ਸਿੰਘ ਭੱਟੀਆਂ ਨੂੰ ਐਸ.ਸੀ. ਵਿੰਗ ਸਰਕਲ ਖੰਨਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਪ੍ਰਧਾਨ ਬਣਨ ਦੀ ਖ਼ੁਸ਼ੀ 'ਚ ਪਿੰਡ ਵਾਸੀਆਂ ਵੱਲੋਂ ਸੁਖਵਿੰਦਰ ਸਿੰਘ ਟਿਵਾਣਾ ਦੀ ਅਗਵਾਈ 'ਚ ਗੁਰਮੀਤ ਸਿੰਘ ਦਾ ਸਨਮਾਨ ਕੀਤਾ ਗਿਆ। ਗੁਰਮੀਤ ਸਿੰਘ ਨੇ ਕਿਹਾ ਕਿ ਪਾਰਟੀ ਵਲੋਂ ਜਿਹੜੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਾਵੇਗਾ। ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਇਆ ਜਾਵੇਗਾ। ਇਸ ਮੌਕੇ ਗੌਰਵ ਘਈ, ਰਣਧੀਰ ਸਿੰਘ, ਕਮਪਾਲ ਸਿੰਘ ਕੰਮਾ, ਬੀਬੀ ਕੁਲਦੀਪ ਕੌਰ, ਪਰਮਜੀਤ ਕੌਰ, ਲਖਵੀਰ ਸਿੰਘ ਲੱਖੀ, ਬਲਜੀਤ ਸਿੰਘ, ਚਰਨ ਸਿੰਘ, ਤਰਲੋਚਨ ਸਿੰਘ, ਗੁਰਮੇਲ ਸਿੰਘ, ਜਗਰੂਪ ਸਿੰਘ, ਬਾਵਾ ਸਿੰਘ, ਜਿੰਦਰ ਸਿੰਘ, ਜਸਕਰਨ ਸਿੰਘ, ਹਰਸ਼ਦੀਪ ਸਿੰਘ, ਸੁਖਵਿੰਦਰ ਸਿੰਘ ਸੋਨੂੰ, ਰਾਜਦੀਪ ਸਿੰਘ ਗੋਬਿੰਦਸ ਸਿੰਘ ਰਿੰਦਾ, ਹੈਪੀ ਸਿੰਘ ਹਾਜ਼ਰ ਸਨ।

ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਯਾਦਵਿੰਦਰ ਸਿੰਘ ਯਾਦੂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ। ਅਜੀਤ ਤਸਵੀਰ

6 ਨੂੰ ਹਰਸਿਮਰਤ ਕੌਰ ਬਾਦਲ ਦੀ ਵੱਡੀ ਰੈਲੀ ਹੋਵੇਗੀ-ਯਾਦੂ

ਖੰਨਾ, 3 ਜਨਵਰੀ (ਹਰਜਿੰਦਰ ਸਿੰਘ ਲਾਲ)- ਬੀਬਾ ਹਰਸਿਮਰਤ ਕੌਰ ਬਾਦਲ 6 ਜਨਵਰੀ ਨੂੰ ਖੰਨਾ ਪਹੁੰਚ ਰਹੇ ਹਨ। ਉਹ ਇੱਥੇ ਵਰਕਰ ਮਿਲਣੀ ਕਰਨਗੇ। ਇਸ ਵਰਕਰ ਰੈਲੀ ਨੂੰ ਸਫਲ ਬਣਾਉਣ ਲਈ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਯਾਦਵਿੰਦਰ ਸਿੰਘ ਯਾਦੂ ਨਾਲ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਪ੍ਰਧਾਨ ਹਰਭਜਨ ਸਿੰਘ ਦੁੱਲਵਾਂ ਦੀ ਅਗਵਾਈ 'ਚ ਬੈਠਕ ਕੀਤੀ ਗਈ। ਬਹੁਜਨ ਸਮਾਜ ਪਾਰਟੀ ਦੇ ਆਗੂਆਂ ਨੇ ਕਿਹਾ ਕਿ ਰੈਲੀ ਨੂੰ ਸਫ਼ਲ ਬਣਾਉਣ ਲਈ ਉਹ ਦਿਨ-ਰਾਤ ਮਿਹਨਤ ਕਰਨਗੇ। ਯਾਦਵਿੰਦਰ ਸਿੰਘ ਯਾਦੂ ਨੇ ਕਿਹਾ ਕਿ ਹਰਸਿਮਰਤ ਕੌਰ ਬਾਦਲ ਵੱਲੋਂ 6 ਜਨਵਰੀ ਨੂੰ ਖੰਨਾ ਵਿਖੇ ਅਕਾਲੀ ਦਲ ਤੇ ਬਸਪਾ ਉਮੀਦਵਾਰ ਜਸਦੀਪ ਕੌਰ ਦੇ ਹੱਕ 'ਚ ਪਾਰਟੀ ਵਰਕਰਾਂ ਨਾਲ ਵਿਚਾਰਾਂ ਕੀਤੀਆਂ ਜਾਣਗੀਆਂ ਤੇ ਵਰਕਰਾਂ ਨੂੰ ਪਾਰਟੀ ਪ੍ਰੋਗਰਾਮਾਂ ਤੋਂ ਜਾਣੂ ਕਰਵਾਇਆ ਜਾਵੇਗਾ। ਇਸ ਰੈਲੀ 'ਚ ਲੋਕਾਂ ਖਾਸ ਕਰਕੇ ਔਰਤਾਂ ਦਾ ਵੱਡਾ ਇਕੱਠ ਹੋਵੇਗਾ। ਯਾਦਵਿੰਦਰ ਸਿੰਘ ਯਾਦੂ ਤੇ ਹਰਭਜਨ ਸਿੰਘ ਦੁੱਲਵਾਂ ਵਲੋਂ ਰੈਲੀ ਨੂੰ ਸਫ਼ਲ ਬਣਾਉਣ ਲਈ ਵਰਕਰਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ। ਇਸ ਮੌਕੇ ਜਗਜੀਤ ਸਿੰਘ ਬਿੱਟੂ ਕਿਸ਼ਨਗੜ੍ਹ ਪ੍ਰਧਾਨ ਖੰਨਾ, ਦੀਦਾਰ ਸਿੰਘ ਰਾਮਗੜ੍ਹ, ਮਹਿੰਦਰ ਸਿੰਘ ਥਾਣੇਦਾਰ, ਸੁਖਵਿੰਦਰ ਸਿੰਘ ਰਿਟਾ. ਐਕਸੀਅਨ, ਗੁਰਮੇਲ ਸਿੰਘ ਬੱਲ, ਗੁਰਚਰਨ ਸਿੰਘ ਚੰਨੀ, ਬੀਬੀ ਮਿੰਨੀ ਖੰਨਾ, ਸੂਬੇਦਾਰ ਜਸਵੰਤ ਸਿੰਘ, ਹਰਜਿੰਦਰ ਸਿੰਘ ਭਾਦਲਾ, ਲਖਵੀਰ ਸਿੰਘ ਰਾਜਾ ਭੱਟੀ, ਦਿਲਬਾਗ ਸਿੰਘ ਭੱਟੀਆਂ, ਭਗਵਾਨ ਸਿੰਘ ਮਾਜਰਾ, ਹਰਪ੍ਰੀਤ ਸਿੰਘ ਇਕੋਲਾਹਾ, ਫ਼ਿਰੋਜ਼ ਖ਼ਾਨ ਨਰੈਣਗੜ੍ਹ, ਬਲਵੀਰ ਸਿੰਘ ਕੋਟ ਸੇਖੋਂ, ਸੰਤੋਖ ਸਿੰਘ ਨਰੈਣਗੜ੍ਹ, ਗੁਰਮੇਲ ਸਿੰਘ ਬੱਲ, ਰਣਜੀਤ ਸਿੰਘ ਲਲਹੇੜੀ, ਜਗਦੀਸ਼ ਸਿੰਘ ਸੇਖੋਂ, ਬਾਬਾ